# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 22* Issue 125 | Thursday, June 29, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਦੀ ਹੋਈ ਮੌਤ



ਬੈਰੀ, 28 ਜੂਨ (ਪੋਸਟ ਬਿਊਰੋ) : ਬੈਰੀ ਵਿੱਚ ਹਾਈਵੇਅ 400 ਉੱਤੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਦੀ ਮੌਤ ਹੋ ਗਈ।

ਮੰਗਲਵਾਰ ਨੂੰ ਰਾਤੀਂ 11:30 ਵਜੇ ਦੇ ਨੇੜੇ ਤੇੜੇ ਡਨਲਪ ਸਟਰੀਟ ਨੇੜੇ ਹਾਈਵੇਅ ਦੀਆਂ ਦੱਖਣ ਵਾਲੀਆਂ ਲੇਨਜ਼ ਉੱਤੇ ਵਾਪਰੇ ਹਾਦਸੇ ਤੋਂ ਬਾਅਦ ਪ੍ਰੋਵਿੰਸ਼ੀਅਲ ਪੁਲਿਸ ਮੌਕੇ ਉੱਤੇ ਪਹੁੰਚੀ। ਮੌਕੇ ਉੱਤੇ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਰਾਹਗੀਰ ਹਾਈਵੇਅ ਉੱਤੇ ਕਿਵੇਂ ਪਹੁੰਚਿਆ। ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦਾ ਕਾਰਨ ਕੀ ਸੀ।

ਕਈ ਘੰਟਿਆਂ ਲਈ ਡਨਲਪ ਤੇ ਐਸਾ ਰੋਡ ਦਰਮਿਆਨ ਦੱਖਣ ਵਾਲੀਆਂ ਲੇਨਜ਼ ਨੂੰ ਬੰਦ ਰੱਖਿਆ ਗਿਆ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਰੋਡਜ਼ ਨੂੰ ਸਵੇਰੇ 6:00 ਵਜੇ ਤੋਂ ਪਹਿਲਾਂ ਖੋਲ੍ਹਿਆ ਗਿਆ।

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਦੇ ਸਹਿਯੋਗ ਮਗਰੋਂ ਹੀ ਚੁੱਕਾਂਗੇ ਅਗਲਾ ਕਦਮ : ਟਰੂਡੋ



ਓਟਵਾ, 28 ਜੂਨ (ਪੋਸਟ ਬਿਊਰੋ) : ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਾਂਚ ਲਈ ਕਿਸੇ ਵੀ ਤਰ੍ਹਾਂ ਦਾ ਅਗਲਾ ਕਦਮ ਚੁੱਕੇ ਜਾਣ ਸਬੰਧੀ ਐਲਾਨ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਨਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਸਾਫ ਆਖ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਜਦੋਂ ਤੱਕ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਹਿਯੋਗ ਨਹੀਂ ਦੇਣਗੀਆਂ ਉਹ ਅਗਲੀ ਕਾਰਵਾਈ ਲਈ ਹਰੀ ਝੰਡੀ ਨਹੀਂ ਦੇਣਗੇ।

ਟਰੂਡੋ ਨੇ ਆਖਿਆ ਕਿ ਇਸ ਮਾਮਲੇ ਲਈ ਸਪੈਸ਼ਲ ਰੈਪੋਰਟਰ ਡੇਵਿਡ ਜੌਹਨਸਟਨ ਨੂੰ ਨਿਯੁਕਤ ਕੀਤਾ ਗਿਆ ਸੀ ਤੇ ਉਨ੍ਹਾਂ ਵੱਲੋਂ ਕੀਤੀ ਜਾਂਚ ਦੌਰਾਨ ਜੋ ਵੀ ਹਾਲਾਤ ਪੈਦਾ ਹੋਏ, ਉਹ ਉਸ ਤੋਂ ਬਚਣਾ ਚਾਹੁੰਦੇ ਹਨ। ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਵਿਦੇਸ਼ੀ ਦਖ਼ਲ ਦੇ ਮੁੱਦੇ ਬਾਰੇ ਅਗਲੀ ਕੋਈ ਵੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਉਨ੍ਹਾਂ ਨੂੰ ਇਹ ਰਾਇ ਦੇਣਗੀਆਂ ਕਿ ਇਹ ਕਿਸ ਤਰ੍ਹਾਂ ਹੋਵੇਗੀ ਤੇ ਇਸ ਨੂੰ ਕੌਣ ਕਰੇਗਾ।

ਜ਼ਿਕਰਯੋਗ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਡੇਵਿਡ ਜੌਹਨਸਟਨ ਨੂੰ ਅਜਿਹੇ ਨਾਜ਼ੁਕ ਮਸਲੇ ਲਈ ਵਿਸ਼ੇਸ਼ ਤੌਰ ਉੱਤੇ ਰੈਪੋਰਟਰ ਨਿਯੁਕਤ ਕਰਨ ਉੱਤੇ ਇਤਰਾਜ਼ ਪ੍ਰਗਟਾਇਆ ਗਿਆ ਸੀ ਤੇ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਵੀ ਕੀਤੀ ਗਈ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਜੌਹਨਸਟਨ ਵੱਲੋਂ ਪਬਲਿਕ ਜਾਂਚ ਦੇ ਖਿਲਾਫ ਸਿਫਾਰਸ਼ ਕਰਨ ਤੋਂ ਬਾਅਦ ਰਿਪੋਰਟ ਜਮ੍ਹਾਂ ਕਰਵਾਉਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ। ਇਸ ਤੋਂ ਬਾਅਦ ਤੋਂ ਹੀ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਵਿਰੋਧੀ ਧਿਰਾਂ ਨਾਲ ਇਹ ਵਿਚਾਰ ਵਟਾਂਦਰਾ ਕਰਨ ਵਿੱਚ ਲੱਗੇ ਹੋਏ ਹਨ ਕਿ ਇਸ ਮੁੱਦੇ ਉੱਤੇ ਅੱਗੇ ਕਿਸ ਤਰ੍ਹਾਂ ਵਧਿਆ ਜਾਵੇ।

## ਹੈਲਥ ਪ੍ਰੋਫੈਸ਼ਨਲਜ਼ ਨੂੰ ਕੈਨੇਡਾ ਸੱਦਣ ਲਈ ਨਵਾਂ ਐਕਸਪ੍ਰੈੱਸ ਐਂਟਰੀ ਸਿਸਟਮ ਸ਼ੁਰੂ ਕਰ ਰਹੀ ਹੈ ਸਰਕਾਰ



ਓਟਵਾ, 28 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਬੁੱਧਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਫੈਮਿਲੀ ਡਾਕਟਰਜ਼ ਵਾਂਗ ਹੀ ਡਾਕਟਰਾਂ ਦੀ ਘਾਟ ਨੂੰ ਖ਼ਤਮ ਕਰਨ ਲਈ ਸਰਕਾਰ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਦੀ ਵਰਤੋਂ ਕਰਕੇ ਹੈਲਥ ਕੇਅਰ ਵਰਕਰਜ਼ ਭਰਤੀ ਕਰੇਗੀ।

ਬੈਡਫੋਰਡ, ਨੋਵਾ ਸਕੋਸ਼ੀਆ ਵਿੱਚ ਇੱਕ ਈਵੈਂਟ ਉੱਤੇ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਤੇ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਕਨੌਮਿਕ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਸਿਹਤ ਪ੍ਰੋਫੈਸ਼ਨਲਜ਼ ਨੂੰ ਕੈਨੇਡਾ ਸੱਦਣ ਲਈ ਨਵਾਂ ਐਕਸਪ੍ਰੈੱਸ ਐਂਟਰੀ ਸਿਸਟਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਲਈ ਜਲਦ ਹੀ 500 ਫੌਰਨ ਹੈਲਥ ਵਰਕਰਜ਼ ਨੂੰ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਲਈ ਅਪਲਾਈ ਕਰਨ ਦਾ ਸੱਦਾ ਭੇਜਿਆ ਜਾਵੇਗਾ। 1500 ਹੋਰਨਾਂ ਹੈਲਥ ਕੇਅਰ ਵਰਕਰਜ਼ ਨੂੰ ਅਗਲੇ ਹਫਤੇ ਇਸ ਸਬੰਧੀ ਸੱਦਾ ਭੇਜਿਆ ਜਾਵੇਗਾ।

ਹੈਲਥ ਕੇਅਰ ਸੰਕਟ, ਜੋ ਕਿ ਸਟਾਫ ਦੀ ਘਾਟ ਕਾਰਨ ਪੈਦਾ ਹੋਇਆ ਹੈ, ਨਾਲ ਸਿੱਝਣ ਲਈ ਫੈਡਰਲ ਸਰਕਾਰ ਵੱਲੋਂ ਵਿਦੇਸ਼ੀ ਡਾਕਟਰਾਂ, ਨਰਸਾਂ, ਡੈਂਟਿਸਟਸ, ਫਾਰਮਾਸਿਸਟਸ, ਫਿਜ਼ੀਓਥੈਰੇਪਿਸਟਸ ਤੇ ਓਪਟੋਮੀਟਰਿਸਟਸ ਨੂੰ ਵੀ ਕੈਨੇਡਾ ਸੱਦਣ ਲਈ ਇਸ ਤਰ੍ਹਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਐਂਗਸ ਰੀਡ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਹਾਲਾਤ ਕਾਫੀ ਮਾੜੇ ਹਨ। ਅੰਦਾਜ਼ਨ ਛੇ ਮਿਲੀਅਨ ਕੈਨੇਡੀਅਨਜ਼ ਕੋਲ ਕੋਈ ਫੈਮਿਲੀ ਡਾਕਟਰ ਹੀ ਨਹੀਂ ਹੈ। ਇਸ ਦੇ ਨਾਲ ਹੀ ਕੈਨੇਡਾ ਵਿੱਚ ਸਪੈਸ਼ਲਿਸਟਸ ਦੀ ਵੀ ਘਾਟ ਹੈ।

ਆਉਣ ਵਾਲੇ ਪੰਜ ਸਾਲਾਂ ਵਿੱਚ ਡਾਕਟਰਾਂ ਦੀ ਇਸ ਘਾਟ ਵਿੱਚ ਹੋਰ ਵਾਧਾ ਹੋਣ ਦਾ ਖਦਸ਼ਾ ਹੈ। ਫੈਡਰਲ ਡਾਟਾ ਅਨੁਸਾਰ ਕੈਨੇਡਾ ਵਿੱਚ 2028 ਤੱਕ 44,000 ਡਾਕਟਰਾਂ, ਜਿਨ੍ਹਾਂ ਵਿੱਚ 30,000 ਤੋਂ ਵੱਧ ਫੈਮਿਲੀ ਡਾਕਟਰ ਤੇ ਜਨਰਲ ਪ੍ਰੈਕਟੀਸ਼ਨਰ ਸ਼ਾਮਲ ਹਨ, ਦੀ ਘਾਟ ਹੋ ਜਾਵੇਗੀ। ਫਰੇਜ਼ਰ ਨੇ ਆਖਿਆ ਕਿ 2017 ਤੇ 2022 ਦਰਮਿਆਨ ਕੈਨੇਡਾ ਨੇ 21,000 ਹੈਲਥ ਕੇਅਰ ਵਰਕਰਜ਼ ਨੂੰ ਕੈਨੇਡਾ ਸੱਦਿਆ ਸੀ, ਜੋ ਕਿ ਸਾਲ ਦੇ 4,000 ਵਰਕਰਜ਼ ਤੋਂ ਕੁੱਝ ਵੱਧ ਬਣਦੇ ਹਨ। ਪਰ ਇਸ ਵਾਰੀ ਸਰਕਾਰ ਦਾ ਟੀਚਾ ਹਰ ਸਾਲ 8,000 ਨਵੇਂ ਹੈਲਥ ਕੇਅਰ ਵਰਕਰਜ਼ ਨੂੰ ਕੈਨੇਡਾ ਸੱਦਣ ਦਾ ਹੈ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

$3199
SUPER! SAVINGS FOR SUPER DADS
$1699
$5299*
5.2 CU FT. CAPACITY (AI WASH)
7.4 CU FT. CAPACITY (REVERSIBLE DOOR)
CAFÉ · KitchenAid · moffat · MAYTAG · LG · SAMSUNG · Electrolux · JENNAIR · BOSCH · Whirlpool
5781 Highway 7 Unit 10 Vaughan, ON L4L 1T8 (416) 477-5556
44 Fasken Dr, #2-9 Etobicoke, ON M9W 5M8 (416) 792-0877
Unit #1, 241 Clarence St Brampton, On L6W 3E7 (416) 551-3343
Unit #4 -1540 Fanshawe Park Road West London, On N6H 5L8 (519) 641-1010
Unit #6 – 410 Lewis Road Stoney Creek, On L8E 5Y7 (905) 643-0818
1050 Speers Road Oakville, On L6L 2X4 (416) 613-0555
416-551-5553
WWW.OURRHOMEAPPLIANCES.COM

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਛੁਰੇਬਾਜ਼ੀ ਵਿੱਚ ਇੱਕ ਪ੍ਰੋਫੈਸਰ ਤੇ 2 ਵਿਦਿਆਰਥੀ ਜ਼ਖ਼ਮੀ

ਵਾਟਰਲੂ, 28 ਜੂਨ (ਪੋਸਟ ਬਿਊਰੋ) : ਯੂਨੀਵਰਸਿਟੀ ਆਫ ਵਾਟਰਲੂ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਪ੍ਰੋਫੈਸਰ ਤੇ ਦੋ ਵਿਦਿਆਰਥੀਆਂ ਸਮੇਤ ਤਿੰਨ ਜ਼ਖ਼ਮੀ ਹੋ ਗਏ। ਤਿੰਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਵਾਟਰਲੂ ਰੀਜਨਲ ਪੁਲਿਸ ਨੇ ਦੱਸਿਆ ਕਿ ਬੁੱਧਵਾਰ ਨੂੰ ਦੁਪਹਿਰੇ 3:30 ਵਜੇ ਦੇ ਨੇੜੇ ਤੇੜੇ ਯੂਨੀਵਰਸਿਟੀ ਦੇ ਹੈਗੇ ਹਾਲ ਵਿੱਚ ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਚਾਕੂ ਮਾਰਿਆ ਗਿਆ। ਤਿੰਨਾਂ ਦੇ ਜ਼ਖ਼ਮ ਜਾਨਲੇਵਾ ਨਹੀਂ ਦੱਸੇ ਜਾਂਦੇ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਫਿਲਾਸਫੀ ਦੀ ਕਲਾਸ ਚੱਲ ਰਹੀ ਸੀ ਜਦੋਂ ਮਸ਼ਕੂਕ ਨੇ ਤਿੰਨਾਂ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਮਸ਼ਕੂਕ ਨੂੰ ਬਿਲਡਿੰਗ ਵਿੱਚ ਹੀ ਗ੍ਰਿਫਤਾਰ ਕਰ ਲਿਆ ਗਿਆ।



ਇੱਕ ਇੰਟਰਵਿਊ ਵਿੱਚ ਸੁਪਰਡੈਂਟ ਸ਼ੀਨਾ ਮੌਰਿਸ ਨੇ ਦੱਸਿਆ ਕਿ ਇਹ ਘਟਨਾ ਯੂਨੀਵਰਸਿਟੀ ਦੇ ਅੰਦਰ ਹੀ ਵਾਪਰੀ ਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਅਸੀਂ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ। ਮੌਰਿਸ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਮਸ਼ਕੂਕ ਯੂਨੀਵਰਸਿਟੀ ਦਾ ਹੀ ਵਿਦਿਆਰਥੀ ਹੈ ਜਾਂ ਨਹੀਂ ਪਰ ਉਨ੍ਹਾਂ ਆਖਿਆ ਕਿ ਇਹ ਸਾਰੇ ਹੀ ਯੂਨੀਵਰਸਿਟੀ ਕਮਿਊਨਿਟੀ ਦੇ ਮੈਂਬਰ ਹਨ।

ਯੂਨੀਵਰਸਿਟੀ ਆਫ ਵਾਟਰਲੂ ਨੇ ਟਵੀਟ ਕਰਕੇ ਆਖਿਆ ਕਿ ਉਹ ਮਾਮਲੇ ਦੀ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਪੂਰਾ ਸਹਿਯੋਗ ਦੇ ਰਹੀ ਹੈ। ਇਹ ਵੀ ਦੱਸਿਆ ਗਿਆ ਕਿ ਕੈਂਪਸ ਕਮਿਊਨਿਟੀ ਨੂੰ ਕੋਈ ਖਤਰਾ ਨਹੀਂ ਹੈ। ਯੂਨੀਵਰਸਿਟੀ ਨੇ ਟਵੀਟ ਕਰਕੇ ਆਖਿਆ ਕਿ ਬੁੱਧਵਾਰ ਸ਼ਾਮ ਨੂੰ ਹੈਗੇ ਹਾਲ ਵਿੱਚ ਜਿਹੜੀਆਂ ਕਲਾਸਾਂ ਲਾਈਆਂ ਜਾਣੀਆਂ ਸਨ ਉਨ੍ਹਾਂ ਨੂੰ ਰੱਦ ਕੀਤਾ ਗਿਆ ਹੈ ਪਰ ਕੈਂਪਸ ਦੇ ਬਾਕੀ ਦੇ ਕੰਮਕਾਜ ਆਮ ਵਾਂਗ ਚੱਲਦੇ ਰਹਿਣਗੇ।

# ਬੰਦੂਕ ਦੀ ਨੋਕ ਉੱਤੇ ਰਿਟੇਲਰ ਨੂੰ ਲੁੱਟਣ ਵਾਲੇ ਦੋ ਟੀਨੇਜਰਜ਼ ਨੂੰ ਕੀਤਾ ਗਿਆ ਗ੍ਰਿਫਤਾਰ

ਮਿਸੀਸਾਗਾ, 28 ਜੂਨ (ਪੋਸਟ ਬਿਊਰੋ) : ਇਸ ਹਫਤੇ ਬੰਦੂਕ ਦੀ ਨੋਕ ਉੱਤੇ ਰਿਟੇਲਰ ਨੂੰ ਲੁੱਟਣ ਵਾਲੇ ਦੋ ਟੀਨੇਜਰਜ਼ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਇੱਕ 14 ਸਾਲਾ ਲੜਕਾ ਵੀ ਹੈ।

ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਤਿੰਨ ਮਸ਼ਕੂਕ ਡਿਕਸੀ ਰੋਡ ਤੇ ਡੰਡਾਸ ਸਟਰੀਟ ਏਰੀਆ ਵਿੱਚ ਆਟੋਮੋਟਿਵ ਡਾਇਗਨੌਸਟਿਕ ਇਕਿਉਪਮੈਂਟ ਵੇਚਣ ਵਾਲੇ ਰਿਟੇਲਰ ਕੋਲ ਪਹੁੰਚੇ। ਇਹ ਦੋਸ਼ ਲਾਇਆ ਗਿਆ ਹੈ ਕਿ ਮਸ਼ਕੂਕਾਂ ਕੋਲ ਹੈਂਡਗੰਨ ਸੀ ਤੇ ਭਵਿੱਖ ਵਿੱਚ ਚੋਰੀਆਂ ਕਰਨ ਦੇ ਇਰਾਦੇ ਨਾਲ ਉਨ੍ਹਾਂ ਨੇ ਇਲੈਕਟ੍ਰੌਨਿਕ ਇਕਿਉਪਮੈਂਟ ਚੋਰੀ ਕਰ ਲਿਆ। ਰੀਟੇਲਰ ਦੇ ਕਿਸੇ ਵੀ ਕਰਮਚਾਰੀ ਨੂੰ ਇਸ ਘਟਨਾਕ੍ਰਮ ਦੌਰਾਨ ਕੋਈ ਸੱਟ ਫੇਟ ਨਹੀਂ ਲੱਗੀ।



ਮੰਗਲਵਾਰ ਨੂੰ ਦੋ ਮਸ਼ਕੂਕਾਂ ਦੀ ਪੈੜ ਨੱਪਦਿਆਂ ਹੋਇਆਂ ਜਾਂਚਕਾਰਾਂ ਵੱਲੋਂ ਉਨ੍ਹਾਂ ਨੂੰ ਟੋਰਾਂਟੋ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਕੋਲੋਂ ਡਾਕਾ ਮਾਰਨ ਲਈ ਵਰਤਿਆ ਗਿਆ ਬਣਾਉਟੀ ਹਥਿਆਰ ਵੀ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਟੋਰਾਂਟੋ ਦੇ 17 ਸਾਲਾ ਲੜਕੇ ਨੂੰ ਡਾਕਾ ਮਾਰਨ, ਜਾਣਬੁੱਝ ਕੇ ਆਪਣੀ ਪਛਾਣ ਲੁਕਾਉਣ ਲਈ ਭੇਸ ਬਦਲਣ, ਬਣਾਉਟੀ ਹਥਿਆਰ ਦੀ ਵਰਤੋਂ ਕਰਨ ਤੇ ਪੀਸ ਆਫੀਸਰ ਦੇ ਰਾਹ ਵਿੱਚ ਅੜਿੱਕਾ ਡਾਹੁਣ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ।

ਟੋਰਾਂਟੋ ਦੇ 14 ਸਾਲਾ ਲੜਕੇ ਨੂੰ ਡਾਕਾ ਮਾਰਨ ਦੇ ਦੋ ਮਾਮਲਿਆਂ, ਜਾਣਬੁੱਝ ਕੇ ਆਪਣੀ ਪਛਾਣ ਲੁਕਾਉਣ ਲਈ ਭੇਸ ਬਦਲਣ ਦੇ ਦੋ ਮਾਮਲਿਆਂ, ਬਣਾਉਟੀ ਹਥਿਆਰ ਦੀ ਵਰਤੋਂ ਕਰਨ ਤੇ ਪੀਸ ਆਫੀਸਰ ਦੇ ਰਾਹ ਵਿੱਚ ਅੜਿੱਕਾ ਡਾਹੁਣ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ 14 ਸਾਲਾ ਇਹ ਲੜਕਾ ਬਰੈਂਪਟਨ ਵਿੱਚ 9 ਜੂਨ ਨੂੰ ਇਲੈਕਟ੍ਰੌਨਿਕ ਸਟੋਰ ਵਿੱਚ ਮਾਰੇ ਗਏ ਵੱਖਰੇ ਡਾਕੇ ਲਈ ਵੀ ਜ਼ਿੰਮੇਵਾਰ ਹੈ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਤੇ ਹੋਰ ਚਾਰਜਿਜ਼ ਵੀ ਲਾਏ ਜਾ ਸਕਦੇ ਹਨ। ਪ੍ਰੋਵਿੰਸ ਦੇ ਯੂਥ ਕ੍ਰਿਮੀਨਲ ਜਸਟਿਸ ਐਕਟ ਕਾਰਨ ਦੋਵਾਂ ਲੜਕਿਆਂ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ।

## ਅੱਜ ਨਾਮਾ

ਜੀਹਨੇ ਕੀਤੀ ਨਹੀਂ ਛੁੱਟੀ, ਨਾ ਕਦੇ ਮਾਣੀ,
ਐਵੇਂ ਈ ਛੁੱਟੀ ਉਹ ਕਦੇ ਲਏ ਕਰ ਬੇਲੀ।
ਸੱਜਣ-ਮਿੱਤਰ ਕਈ ਫਿਕਰ ਵਿੱਚ ਪੈ ਜਾਂਦੇ,
ਪਤਾ ਨਹੀਂ ਬੈਠਿਆ ਕਾਹਦੇ ਤੋਂ ਘਰ ਬੇਲੀ।
ਮੁੜ-ਮੁੜ ਪੁੱਛਦੇ ਗੱਲ ਕੀ ਹੋਈ ਆਖਰ,
ਯਾਰਾਂ ਕਈਆਂ ਨੂੰ ਲੱਗਾ ਕੁਝ ਡਰ ਬੇਲੀ।
ਮੁੜ-ਮੁੜ ਦੱਸਿਆ ਕਾਰਨ ਨਾ ਸੱਚ ਮੰਨਣ,
ਬਿਨਾਂ ਫਿਰ ਮਿਲਣ ਦੇ ਸਕੇ ਨਾ ਸਰ ਬੇਲੀ।
ਕੰਮ-ਕਾਰ ਲਈ ਕਈਆਂ ਨਾਲ ਤੰਦ ਬੱਝੀ,
ਮਿਲਿਆਂ ਬਿਨਾਂ ਫਿਰ ਪੈਂਦੀ ਆ ਖੋਹ ਬੇਲੀ।
ਬਹੁਤੇ ਮਤਲਬ ਦੇ ਯਾਰ ਇਸ ਜੱਗ ਅੰਦਰ,
ਹੁੰਦਾ ਈ ਥੋੜ੍ਹਿਆਂ ਦਾ ਮਨ ਦਾ ਮੋਹ ਬੇਲੀ।

**ਤੀਸ ਮਾਰ ਖਾਂ**

# ਕੁੱਤੇ ਵੱਲੋਂ ਵੱਢੇ ਜਾਣ ਕਾਰਨ ਲੜਕੀ ਗੰਭੀਰ ਜ਼ਖ਼ਮੀ

ਸਕਾਰਬਰੋ, 28 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਸਕਾਰਬਰੋ ਵਿੱਚ ਇੱਕ ਕੁੱਤੇ ਵੱਲੋਂ ਵੱਢ ਲਏ ਜਾਣ ਕਾਰਨ ਇੱਕ ਲੜਕੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੂੰ ਸਵੇਰੇ 7:15 ਵਜੇ ਦੇ ਨੇੜੇ ਤੇੜੇ ਕਾਲ ਮਿਲੀ ਕਿ ਮਿੱਡਲੈਂਡ ਐਵਨਿਊ ਤੇ ਲਾਅਰੈਂਸ




ਐਵਨਿਊ ਈਸਟ ਇਲਾਕੇ ਵਿੱਚ ਦੋ ਕੁੱਤੇ ਆਵਾਰਾ ਘੁੰਮ ਰਹੇ ਹਨ। ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਗਈ ਕਿ ਇਨ੍ਹਾਂ ਵਿੱਚੋਂ ਹੀ ਇੱਕ ਕੁੱਤੇ ਵੱਲੋਂ ਉਸ ਲੜਕੀ ਨੂੰ ਕੱਟ ਲਿਆ ਗਿਆ। ਪੈਰਾਮੈਡਿਕਸ ਵੱਲੋਂ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਇਨ੍ਹਾਂ ਕੁੱਤਿਆਂ ਨੂੰ ਐਨੀਮਲ ਸਰਵਿਸਿਜ਼ ਵਾਲਿਆਂ ਵੱਲੋਂ ਫੜ੍ਹ ਲਿਆ ਗਿਆ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫ਼ਰਾਂਸ ਵਿਚ ਪੁਲਿਸ ਅਫਸਰ ਨੇ ਨੌਜਵਾਨ ਦੇ ਗਲਤ ਡਰਾਈਵਿੰਗ ਦੇ ਚਲਦੇ ਮਾਰੀ ਗੋਲੀ

### ਨੌਜਵਾਨ ਦੀ ਮੌਤ ਤੋਂ ਬਾਅਦ ਦੰਗਾ, ਮੁਲਜ਼ਮ ਪੁਲਿਸ ਅਫਸਰ ਗ੍ਰਿਫਤਾਰ

ਪੈਰਿਸ, 28 ਜੂਨ (ਪੋਸਟ ਬਿਊਰੋ): ਫ਼ਰਾਂਸ ਦੀ ਰਾਜਧਾਨੀ ਪੈਰਿਸ ਦੇ ਸਬਅਰਬਨ ਏਰੀਏ ਨੇਂਤੇਰੇ ਵਿਚ 17 ਸਾਲਾ ਲੜਕੇ ਨੂੰ ਗਲਤ ਤਰੀਕੇ ਨਾਲ ਕਾਰ ਚਲਾਉਣ ’ਤੇ ਪੁਲਸ ਨੇ ਗੋਲੀ ਮਾਰ ਦਿੱਤੀ। ਲੜਕੇ ਦੀ ਮੌਤ ਹੋ ਗਈ। ਇਸਤੋਂ ਬਾਅਦ ਇੱਥੇ ਦੰਗਾ ਭੜਕ ਗਿਆ। 40 ਗੱਡੀਆਂ ਨੂੰ ਅੱਗ ਲਗਾ ਦਿੱਤੀ ਗਈ ਅਤੇ 20 ਲੋਕ ਜ਼ਖ਼ਮੀ ਹੋਏ ਹਨ।



ਮੁਲਜ਼ਮ ਪੁਲਿਸ ਅਫਸਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗੋਲੀ ਮਾਰੇ ਜਾਣ ਦਾ ਵੀਡੀਓ ਵੀ ਸਾਹਮਣੇ ਆਇਆ ਹੈ। ਕੁਝ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਲੜਕਾ ਕਿਸੇ ਅਰਬ ਦੇਸ਼ ਦਾ ਮੂਲ ਨਾਗਰਿਕ ਸੀ। ਉਸ ਕੋਲ ਡਰਾਈਵਿੰਗ ਲਾਈਸੈਂਸ ਨਹੀਂ ਸੀ ਅਤੇ ਪੁਲਸ ਨੇ ਜਦੋਂ ਉਸਨੂੰ ਰੋਕਿਆ ਤਾਂ ਉਸਨੇ ਅਫਸਰ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ।

ਮਾਮਲਾ ਮੰਗਲਵਾਰ ਦਾ ਹੈ। ਨੇਂਤੇਰੇ ਦੀ ਇੱਕ ਸੜਕ ’ਤੇ ਦੋ ਪੁਲਿਸ ਅਫਸਰਾਂ ਨੇ ਪੀਲੇ ਰੰਗ ਦੀ ਕਾਰ ਨੂੰ ਰੋਕਿਆ। ਇਸਦੀ ਡਰਾਈਵਿੰਗ ਸੀਟ ’ਤੇ ਮੌਜੂਦ ਵਿਅਕਤੀ ਨਾਲ ਗੱਲਬਾਤ ਕੀਤੀ। ਇਸ ਦੌਰਾਨ ਕੁਝ ਬਹਿਸ ਹੋਈ। ਇੱਕ ਪੁਲਿਸ ਅਫਸਰ ਨੇ ਪਿਸਟਲ ਕੱਢੀ ਅਤੇ ਡਰਾਈਵਰ ਦੇ ਸਿਰ ਵਿਚ ਗੋਲੀ ਮਾਰ ਦਿੱਤੀ। ਡਰਾਈਵਰ ਨੇ ਕਾਰ ਤੇਜ਼ੀ ਨਾਲ ਭਜਾਈ ਜੋ ਕੁੱਝ ਦੂਰ ਜਾਕੇ ਕਰੈਸ਼ ਹੋ ਗਈ। ਡਰਾਈਵਰ ਦੀ ਮੌਕੇ ’ਤੇ ਹੀ ਮੌਤ ਹੋ ਗਈ। ਘਟਨਾ ਕੈਮਰੇ ਵਿਚ ਕੈਦ ਹੋ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਸਕਾਈਡੋਮ ਦਾ 26ਵਾਂ ਮੇਲਾ ਆਪਣੀ ਛਾਪ ਛੱਡ ਗਿਆ

ਟੋਰੰਟੋ ਦੀ ਇਕ ਨਾਮਵਰ ਕੰਪਨੀ ਸਕਾਈਡੌਮ ਗਰੁੱਪ ਆਫ ਕੰਪਨੀਜ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਅਪਣਾ 26 ਵਾਂ ਸਲਾਨਾ ਵਿਸਾਖੀ ਮੇਲਾ ਅਤੇ ਗਾਹਕ ਮਿਲਣੀ ਦਿਵਸ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਅਪਣੀ 210 ਰਦਰਫੋਰਡ ਰੋਡ ( ਸਾਉਥ) ਬਰੈਂਪਟਨ ਵਾਲੀ ਲੋਕੇਸ਼ਨ ਤੇ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿਚ ਆਮ ਗਾਹਕ , ਵੱਡੇ ਟਰੱਕ ਕੰਪਨੀਆਂ ਵਾਲੇ , ਦੋਸਤ ਮਿੱਤਰ ਅਤੇ ਆਮ ਪਬਲਿਕ ਨੇ ਵੀ ਸ਼ਮੂਲੀਅਤ ਕੀਤੀ ! ਸਵੇਰ ਤੋਂ ਹੀ ਚਾਹ , ਪਕੌੜੇ ਅਤੇ ਗਰਮ ਗਰਮ ਜਲੇਬੀਆਂ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ । ਪਰੋਗਰਾਮ ਦੇ ਅਰੰਭ ਵਿਚ ਸ ਪਿਆਰਾ ਸਿੰਘ ਕੁਦੋਵਾਲ ਨੇ ਸਕਾਈਡੌਮ ਕੰਪਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਕਿ ਕਿਵੇਂ ਸ ਦਲਜੀਤ ਸਿੰਘ ਗੈਦੂ ਨੇ ਅਪਣੇ ਚਾਰ ਪੁਤੱਰਾਂ ਸਤਨਾਮ ਸਿੰਘ (ਹੈਪੀ)ਗੈਦੂ , ਇੰਦਰਜੀਤ ਸਿੰਘ (ਲੱਕੀ) ਗੈਦੂ , ਇੰਦਰਪਾਲ ਸਿੰਘ (ਰੌਕੀ) ਗੈਦੂ,ਅਤੇ ਸਤਿਬੀਰ ਸਿੰਘ ( ਗੋਲਡੀ ) ਗੈਦੂ ਨਾਲ ਇਸ ਕੰਪਨੀ ਨੂੰ ਬੁਲੰਦੀਆਂ ਤੇ ਪਹੁੰਚਾਇਆ । ਇਸ ਸਾਰੀ ਤਰੱਕੀ ਪਿੱਛੇ ਸਰਦਾਰਨੀ ਕੁਲ-ਵੰਤ ਕੌਰ ਗੈਦੂ ਦਾ ਵੀ ਬਹੁਤ ਵੱਡਾ ਹੱਥ ਹੈ । ਅੱਜ ਸਕਾਈਡੌਮ ਗਰੁੱਪ ਆਫ ਕੰਪਨੀਜ ਆਾਨਟਾਰੀਓ ਦੇ ਚਾਰ ਸ਼ਹਿਰਾਂ ਤੌ ਅਪਣੀਆਂ 6 ਲੋਕੇਸ਼ਨਾਂ ਰਾਹੀਂ ਅਪਣੀਆਂ ਸੇਵਾਵਾਂ ਦੇ ਰਹੇ ਹਨ ।ਰਣਜੀਤ ਸਿੰਘ ਲਾਲ ਦੇ ਮਿਉਜੀਕਲ ਗਰੁੱਪ ਨੇ ਅਪਣੇ ਨਾਮਵਰ ਗਾਇਕਾਂ ਨਾਲ ਖੂਬ ਰੰਗ ਬੰਨ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।ਸਰੋਤਿਆਂ ਵਿਚੋਂ ਵੀ ਨੌਜਵਾਨ ਉੱਭਰ ਰਹੇ ਕਲਾਕਾਰਾਂ ਨੇ ਵੀ ਅਪਣੀ ਹਾਜਰੀ ਲਵਾ ਕੇ ਅਪਣੀ ਵਾਹ ਵਾਹ ਖੱਟੀ ਜਿਸ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ । ਅੱਜ ਦੇ ਇਸ ਸਮਾਗਮ ਵਿਚ ਪਰਭਮੀਤ ਸਿੰਘ ਸਰਕਾਰੀਆ (ਆਨਟਾਰੀਓ ਸਟੇਟ ਮਿਨਿਸਟਰ, ਮਨਿੰਦਰ ਸਿੱਧੂ ਮੈਂਬਰ ਪਾਰਲੀਮੈਂਟ , ਸਾਬਕਾ ਐਮ ਪੀ ਗੁਰਬਖਸ਼ ਸਿੰਘ ਮੱਲ੍ਹੀ; ਬਰੈਂਪਟਨ ਸ਼ਹਿਰ ਦੇ ਮੇਅਰ ਮਿਸਟਰ ਪੈਟਰਿਕ ਬਰਾਉਨ , ਐੱਮ ਪੀ ਪੀ , ਗੁਰੂ ਨਾਨਕ ਕਾਰ ਰੈਲੀ ਤੋਂ ਮੇਜਰ ਨਾਗਰਾ ਜੀ , ਪੰਜਾਬ ਪੈਵੀਲੀਅਨ ਤੋਂ ਚੱਗਰ ਸਾਹਿਬ , ਪੰਜਾਬੀ ਸਾਹਿਤ ਦੇ ਨਾਮਵਰ ਲੇਖਕ ਤੇ ਜਾਣੇ ਪਛਾਣੇ ਬਾਬਾ ਬੋਹੜ ਪੂਰਨ ਸਿੰਘ ਪਾਂਧੀ ਜੀ , ਭਾਰਤ ਤੋਂ ਵਿਸ਼ੇਸ ਤੌਰ ਤੇ ਪਧਾਰੇ ਕਰਨੈਲ ਸਿੰਘ ਮਠਾੜੂ (ਦਸ਼ਮੇਸ਼ ਕੰਬਾਈਨ ਮਲੇਰਕੋਟਲਾ) , ਚਰਨਜੀਤ ਸਿੰਘ ਝੰਡੇਆਣਾ, ਸੁਖਰਾਜ ਸਿੰਘ ਗੋਲਡੀ ਕਲਸੀ ਮੋਗਾ, ਚਮਕੌਰ ਸਿੰਘ ਝੰਡੇਆਣਾ, ਦਰਸ਼ਨ ਸਿੰਘ ਕਲਸੀ , ਕਰਨੈਲ ਸਿੰਘ ਘੜਿਆਲ, ਜਸਵੀਰ ਸਿੰਘ ਸੈਂਹਬੀ , ਮਹਿੰਦਰ ਸਿੰਘ ਘੜਿਆਲ, ਬਲਜਿੰਦਰ ਸਿੰਘ ਘੜਿਆਲ ,ਕਰਨੈਲ ਸਿੰਘ ਮਰਵਾਹਾ , ਹਰਦਿਆਲ ਸਿੰਘ ਝੀਤਾ ,ਸਾਬਕਾ ਮੈਂਬਰ ਪਾਰਲੀਮੈਂਟ ਸ ਗੁਰਬਖਸ ਸਿੰਘ ਮੱਲੀ , ਮਿਸੀਸਾਗਾ ਤੌ ਐਮ ਪੀ ਪੀ ਅਮਰਜੋਤ ਸੰਧੂ , ਆਰ ਐਸ ਐਫ ਓ ਦੇ ਬਹੁਤ ਸਾਰੇ ਮੈਂਬਰਜ , ਉਹਨਾਂ ਦੇ ਪਰਿਵਾਰ ਸਮੇਤ ਬੱਚਿਆਂ ਦੇ ਸ਼ਾਮਲ ਸਨ । ਦੁਪਿਹਰ ਦੇ ਸਵਾਦਿਸ਼ਟ ਖਾਣੇ ਦਾ ਸਕਾਈਡੌਮ ਕੰਪਨੀ ਵੱਲੋਂ ਵਧੀਆ ਪਰਬੰਧ ਕੀਤਾ ਗਿਆ, ਜਿਸ ਦਾ ਸਾਰੇ













ਆਏ ਮਹਿਮਾਨਾਂ ਨੇ ਭਰਪੂਰ ਅਨੰਦ ਮਾਣਿਆ। ਬੱਚਿਆਂ ਲਈ ਵੱਖਰੇ ਇਨਾਮ ਕੱਢੇ ਗਏ ਅਤੇ ਬੱਚਿਆਂ ਲਈ ਵਿਸ਼ੇਸ ਖੇਡਾਂ ਦਾ ਪਰਬੰਧ ਵੀ ਕੀਤਾ ਗਿਆ ਸੀ । ਸਾਰੇ ਅਏ ਮਹਿਮਾਨਾਂ ਲਈ ਮੁਫਤ ਲੱਕੀ ਡਰਾਅ ਵੀ ਰੱਖਿਆ ਗਿਆ ਸੀ ਜਿਸ ਵਿਚ ਟੀ ਵੀ , ਸਾਈਕਲ , ਕੌਫੀ ਮਸ਼ੀਨ ,ਟੈਂਟ ਸਮੇਤ ਕੁਲ 10 ਇਨਾਮ ਕੱਢੇ ਗਏ ਜੋ ਕਿ ਮੌਕੇ ਤੇ ਹਾਜ਼ਰ ਇਨਾਮ ਜੇਤੂਆਂ ਨੂੰ ਵੱਖ ਵੱਖ ਆਏ ਮਹਿਮਾਨਾਂ ਨੈ ਤਕਸ਼ੀਮ ਕੀਤੇ । ਇਸ ਸਾਰੇ ਸਮਾਗਮ ਨੂੰ ਪੰਜਾਬੀ ਸਾਹਿਤ ਦੇ ਜਾਣੇ ਪਹਿਚਾਣੇ ਸ਼ਾਇਰ ਡਾ ਪਿਆਰਾ ਸਿੰਘ ਕੁਦੋਵਾਲ ਨੇ ਸਟੇਜ ਦੀ ਕਾਰਵਾਈ ਨੂੰ ਬਹੁਤ ਹੀ ਵਧੀਆਢੰਗ ਅਪਣੇ ਸ਼ਾਇਰਾਨਾ ਅੰਦਾਜ ਨਾਲ ਪੇਸ਼ ਕਰਕੇ ਚਾਰ ਚੰਨ ਲਾ ਦਿੱਤੇ ਅਤੇ ਸਰੋਤਿਆ ਨੂੰ ਕੀਲ ਕੇ ਸਾਰਾ ਦਿਨ ਪਰੋਗਰਾਮ ਦਾ ਅਨੰਦ ਮਾਨਣ ਲਈ ਮਜਬੂਰ ਕਰ ਦਿੱਤਾ ਸਕਾਈਡੌਮ ਗਰੁੱਪ ਦੇ ਸਾਰੇ ਵਰਕਰਾਂ ਤੇ ਵਲੰਟੀਅਰਜ ਨੂੰ ਵੀ ਵਿਸ਼ੇਸ ਸਨਮਾਨ ਦਿੱਤਾ ਗਿਆ ।ਅੰਤ ਵਿੱਚ ਸਕਾਈਡੌਮ ਗਰੁੱਪ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਆਏ ਸਾਰੇ ਮਹਿਮਾਨਾਂ ਦਾ ਇਸ ਸਮਾਗਮ ਵਿਚ ਸ਼ਾਮਲ ਹੋਣ ਤੇ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਹੋਰ ਵਧੇਰੇ ਜਾਣਕਾਰੀ ਲਈ 416-305-9878 ਤੇ ਦਲਜੀਤ ਸਿੰਘ ਗੈਦੂ ਨਾਲ ਸੰਪਰਕ ਕਰ ਸਕਦੇ ਹੋ ।

# ਕੇਂਦਰ ਵਲੋਂ ਗੰਨੇ 'ਤੇ 315 ਰੁਪਏ ਪ੍ਰਤੀ ਕੁਇੰਟਲ ਭਾਅ ਨੂੰ ਮਿਲੀ ਮਨਜ਼ੂਰੀ

ਨਵੀਂ ਦਿੱਲੀ, 28 ਜੂਨ (ਪੋਸਟ ਬਿਊਰੋ): ਕੇਂਦਰ ਦੀ ਭਾਜਪਾ ਸਰਕਾਰ ਨੇ ਦੇਸ਼ ਦੇ ਗੰਨਾ ਕਿਸਾਨਾਂ ਲਈ ਇੱਕ ਅਹਿਮ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਮੰਡਲ ਨੇ ਗੰਨੇ ਦੀ ਐੱਫ.ਆਰ.ਪੀ. ਵਧਾਉਣ ਦਾ ਫੈਸਲਾ ਕੀਤਾ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਸਰਕਾਰ ਨੇ 2023-24 ਦੇ ਸੀਜ਼ਨ ਲਈ ਗੰਨੇ ਦੇ ਵਾਜਬ ਅਤੇ ਲਾਭਕਾਰੀ ਮੁੱਲ (ਐਫਆਰਪੀ) ਵਿੱਚ 10 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਕੇ 315 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਇਸ ਫੈਸਲੇ ਨਾਲ ਪੰਜ ਕਰੋੜ ਗੰਨਾ ਕਿਸਾਨਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ



ਫਾਇਦਾ ਹੋਵੇਗਾ। ਇਸ ਦੇ ਨਾਲ ਹੀ ਖੰਡ ਮਿੱਲਾਂ ਅਤੇ ਸਬੰਧਤ ਸਹਾਇਕ ਗਤੀਵਿਧੀਆਂ ਵਿੱਚ ਕੰਮ ਕਰਦੇ ਪੰਜ ਲੱਖ ਕਾਮਿਆਂ ਨੂੰ ਵੀ ਇਸ ਦਾ ਲਾਭ ਮਿਲੇਗਾ।

ਖਾਦ ਮੰਤਰੀ ਮਨਸੁਖ ਮਾਂਡਵੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਤੋਂ ਬਾਅਦ ਇਹ ਜਾਣਕਾਰੀ ਦਿੱਤੀ। ਇਸ ਯੋਜਨਾ ਦਾ ਐਲਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 1 ਫਰਵਰੀ ਨੂੰ 2023-24 ਦੇ ਬਜਟ ਦੌਰਾਨ ਕੀਤਾ ਸੀ। ਇਸ ਯੋਜਨਾ ਦੇ ਤਹਿਤ ਕੇਂਦਰ ਰਾਜਾਂ ਨੂੰ ਵਿਕਲਪਕ ਖਾਦਾਂ ਨੂੰ ਉਤਸ਼ਾਹਿਤ ਕਰਨ ਅਤੇ ਰਸਾਇਣਕ ਖਾਦਾਂ ਨੂੰ ਘਟਾਉਣ ਲਈ ਉਤਸ਼ਾਹਿਤ ਕਰੇਗਾ।

ਉਨ੍ਹਾਂ ਦੱਸਿਆ ਕਿ ਅਕਤੂਬਰ ਤੋਂ ਗੰਨੇ ਦਾ ਸੀਜ਼ਨ ਸ਼ੁਰੂ ਹੋ ਰਿਹਾ ਹੈ। 2014-15 ਵਿੱਚ ਗੰਨੇ ਦੀ ਘੱਟੋ-ਘੱਟ ਕੀਮਤ 210 ਰੁਪਏ ਪ੍ਰਤੀ ਕੁਇੰਟਲ ਸੀ। ਮੰਤਰੀ ਮੰਡਲ ਨੇ ਵਿਕਲਪਕ ਖਾਦਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਨਵੀਂ ਯੋਜਨਾ 'ਪੀਐੱਮ-ਪ੍ਰਣਾਮ' (ਖੇਤੀ ਪ੍ਰਬੰਧਨ ਲਈ ਵਿਕਲਪਕ ਪੌਸ਼ਟਿਕ ਤੱਤਾਂ ਦਾ ਪ੍ਰਚਾਰ) ਨੂੰ ਪ੍ਰਵਾਨਗੀ ਦੇ ਦਿੱਤੀ ਹੈ।

# ਭੀਮ ਆਰਮੀ ਮੁਖੀ ਚੰਦਰਸ਼ੇਖਰ 'ਤੇ ਗੋਲੀਆਂ ਨਾਲ ਜਾਨਲੇਵਾ ਹਮਲਾ

ਸਹਾਰਨਪੁਰ, 28 ਜੂਨ (ਪੋਸਟ ਬਿਊਰੋ): ਯੂ ਪੀ ਦੇ ਸਹਾਰਨਪੁਰ ਦੇ ਦਿਓਬੰਦ 'ਚ ਬੁੱਧਵਾਰ ਭੀਮ ਆਰਮੀ ਚੀਫ ਚੰਦਰਸ਼ੇਖਰ ਆਜ਼ਾਦ 'ਤੇ ਜਾਨ-ਲੇਵਾ ਹਮਲਾ ਹੋਇਆ। ਹਰਿਆਣਾ ਨੰਬਰ ਦੀ ਗੱਡੀ 'ਚ ਆਏ ਹਮਲਾਵਰਾਂ ਨੇ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿਚੋਂ ਇਕ ਉਨ੍ਹਾ ਦੇ ਢਿੱਡ ਨੂੰ ਛੂਹ ਕੇ ਨਿਕਲੀ। ਉਨ੍ਹਾ ਦੀ ਕਾਰ ਦੇ ਸ਼ੀਸ਼ੇ ਟੁੱਟ ਗਏ। ਹਸਪਤਾਲ 'ਚ ਉਨ੍ਹਾ ਦੇ ਹਮਾਇਤੀ ਵੱਡੀ ਗਿਣਤੀ 'ਚ ਪੁੱਜ ਗਏ ਸਨ। ਐਡਵੋਕੇਟ ਚੰਦਰਸ਼ੇਖਰ ਨੇ ਸਤੀਸ਼ ਕੁਮਾਰ ਤੇ ਵਿਨੈ ਰਤਨ ਸਿੰਘ ਨਾਲ ਮਿਲ ਕੇ 2014 ਵਿਚ ਭੀਮ ਆਰਮੀ ਦੀ ਸਥਾਪਨਾ ਕੀਤੀ ਸੀ। ਇਹ ਜਥੇਬੰਦੀ ਸਿੱਖਿਆ ਦੇ ਮਾਧਿਅਮ ਨਾਲ ਦਲਿਤ ਹਿੰਦੂਆਂ ਦੀ ਮੁਕਤੀ ਲਈ ਕੰਮ ਕਰਦੀ ਹੈ ਤੇ ਪੱਛਮੀ ਯੂ ਪੀ ਵਿਚ ਦਲਿਤਾਂ ਲਈ ਮੁਫਤ ਸਕੂਲ ਚਲਾਉਦੀ ਹੈ। ਹਮਲੇ ਦੀ ਸੂਚਨਾ ਚੰਦਰਸ਼ੇਖਰ ਦੇ ਸਿਆਸੀ ਪਾਰਟੀ 'ਆਜ਼ਾਦ ਸਮਾਜ ਪਾਰਟੀ' ਨੇ ਟਵੀਟ ਕਰਕੇ ਦਿੱਤੀ। ਉਸ ਨੇ ਕਿਹਾਦਿਓਬੰਦ 'ਚ ਕੌਮੀ ਪ੍ਰਧਾਨ ਚੰਦਰਸ਼ੇਖਰ ਆਜ਼ਾਦ 'ਤੇ ਜਾਨਲੇਵਾ ਹਮਲਾ ਹੋਇਆ ਹੈ। ਇਹ ਬਹੁਜਨ ਮਿਸ਼ਨ ਮੂਵਮੈਂਟ ਨੂੰ ਰੋਕਣ ਦਾ ਬੁਜ਼ਦਿਲਾਨਾ ਕਾਰਾ ਹੈ। ਮੁਲਜ਼ਮਾਂ ਦੀ ਫੌਰੀ ਗ੍ਰਿਫਤਾਰੀ, ਸਖਤ ਕਾਰਵਾਈ ਤੇ ਚੰਦਰਸ਼ੇਖਰ ਆਜ਼ਾਦ ਦੀ ਸੁਰੱਖਿਆ ਦੀ ਮੰਗ ਕਰਦੇ ਹਾਂ।


ੴ ਸਤਿਗੁਰ ਪ੍ਰਸਾਦਿ ॥
ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ ॥
ਸੱਚੀ ਦਰਗਹਿ ਜਾਇ ਸਚਾ ਪਿੜ ਮਲਿਆ ॥

ੴ



DECEMBER 1941 - JULY 2021

ਸ. ਤਰਲੋਚਨ ਸਿੰਘ ਗਿੱਲ (ਗਾਲਿਬ ਕਲਾਂ)

ਵੱਲੋਂ

ਆਪ ਜੀ ਨੂੰ ਬੇਨਤੀ ਹੈ ਕਿ ਉਹਨਾਂ ਦੀ ਧਰਮਪਤਨੀ

ਸਰਦਾਰਨੀ ਕੁਲਦੀਪ ਕੌਰ ਗਿੱਲ

ਜੋ ਕਿ ਦੋ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ ਆਤਮਿਕ ਸ਼ਾਂਤੀ ਦੇ ਸਬੰਧ ਵਿੱਚ

## ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ

ਦਿੱਤੇ ਪ੍ਰੋਗਰਾਮ ਅਨੁਸਾਰ ਪਵੇਗਾ । ਸੋ ਆਪ ਜੀ ਨੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ । ਅਤੀ ਧੰਨਵਾਦੀ ਹੋਵਾਗੇ ਜੀ ।

**ਪ੍ਰੋਗਰਾਮ**

7 ਜੁਲਾਈ 2023, ਦਿਨ ਸ਼ੁੱਕਰਵਾਰ

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ.......1.30 ਵਜੇ ਦੁਪਿਹਰ

9 ਜੁਲਾਈ 2023, ਦਿਨ ਐਤਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ..........1.00 ਵਜੇ ਦੁਪਿਹਰ
ਕੀਰਤਨ ................................ 2.00 ਵਜੇ ਦੁਪਿਹਰ
ਗੁਰੂ ਕਾ ਲੰਗਰ...........................3.00 ਵਜੇ ਦੁਪਿਹਰ

ਸਥਾਨ: ਸ਼੍ਰੀ ਗੁਰੂ ਸਿੰਘ ਸਭਾ ਮਾਲਟਨ

Sri Guru Singh Sabha Malton
7280 Airport Rd, Mississauga, ON L4T 2H3

ਸਮੂਹ ਗਿੱਲ ਪਰਿਵਾਰ
+1 416-802-7377, +1 416-735-7737
+1 416-880-9785
E-mail: tgill@imchd.com

Design by: ਡੋਗਰਾ ਪ੍ਰਿੰਟਰਜ਼, ਲਿੰਕ ਰੋਡ, ਜਗਰਾਉਂ #98784-03812



## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1:
reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)


**Work Location:** In person

**Submit Resume:**
naeem@decongroup.ca

# ਮੁੱਖ ਮੰਤਰੀ ਵੱਲੋਂ ਕੰਢੀ ਖੇਤਰ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਯਤਨ ਹੋਰ ਤੇਜ਼ ਕਰਨ ਦੇ ਹੁਕਮ

ਚੰਡੀਗੜ੍ਹ, 28 ਜੂਨ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ ਕੰਢੀ ਖੇਤਰ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ।

ਇੱਥੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਰਣਜੀਤ ਸਾਗਰ ਡੈਮ, ਸ਼ਾਹਪੁਰ ਕੰਢੀ ਡੈਮ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਖੇਤਰਾਂ ਦੇ ਆਲੇ-ਦੁਆਲੇ ਦੇ ਖੇਤਰਾਂ ਦੇ ਵਿਕਾਸ ਲਈ ਸਖ਼ਤ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੇ ਸੈਲਾਨੀਆਂ ਨੂੰ ਇਨ੍ਹਾਂ ਖੇਤਰਾਂ ਪ੍ਰਤੀ ਆਕਰਸ਼ਿਤ ਕਰਨ ਲਈ ਤਰਜੀਹੀ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਇਲਾਕਿਆਂ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ ਜਿਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ।



ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਕਿ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਵਿਕਾਸ ਪੱਖੋਂ ਇਹ ਖੇਤਰ ਹੁਣ ਤੱਕ ਨਜ਼ਰਅੰਦਾਜ਼ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਵਿੱਚ ਸੈਰ-ਸਪਾਟੇ ਦੀਆਂ ਅਥਾਹ ਸੰਭਾਵਨਾਵਾਂ ਦਾ ਲਾਭ ਉਠਾਇਆ ਜਾਣਾ ਚਾਹੀਦਾ ਹੈ ਤਾਂ ਕਿ ਕੁਦਰਤੀ ਸੁੰਦਰਤਾ ਵਾਲੇ ਇਨ੍ਹਾਂ ਮਨਮੋਹਕ ਸਥਾਨਾਂ ਵੱਲ ਸੈਲਾਨੀਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਮੁੱਚੇ ਖੇਤਰ ਦੇ ਵਿਕਾਸ ਲਈ ਵਿਸਥਾਰਤ ਖਾਕਾ ਤਿਆਰ ਕਰਨ ਲਈ ਆਖਿਆ ਤਾਂ ਜੋ ਸੂਬੇ ਵਿੱਚ ਸੈਰ ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਇਲਾਕਾ ਕੁਦਰਤੀ ਸੋਮਿਆਂ ਨਾਲ ਲਬਰੇਜ਼ ਹੈ ਜੋ ਵਿਸ਼ਵ ਭਰ ਦੇ ਸੈਲਾਨੀਆਂ ਨੂੰ ਆਪਣੇ ਪ੍ਰਤੀ ਆਕਰਸ਼ਿਤ ਕਰ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ ਤਾਂ ਕਿ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਤਬਦੀਲੀ ਆ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਜਲ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਾਟਰ ਐਡਵੈਂਚਰ ਟੂਰਿਜ਼ਮ ਨੀਤੀ ਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਹੈ ਜਿਸ ਨੂੰ ਇੱਥੇ ਵੀ ਲਾਗੂ ਕੀਤਾ ਜਾ ਸਕਦਾ ਹੈ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਉਹ ਦਿਨ ਦੂਰ ਨਹੀਂ, ਜਦੋਂ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਤੋਂ ਬਾਅਦ ਇਹ ਖੇਤਰ ਦੇਸ਼ ਭਰ ਵਿਚ ਸੈਲਾਨੀਆਂ ਦਾ ਕੇਂਦਰ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਖੇਤਰ ਪੰਜਾਬ ਨੂੰ ਅੰਤਰਰਾਸ਼ਟਰੀ ਸੈਰ ਸਪਾਟੇ ਦੇ ਨਕਸ਼ੇ 'ਤੇ ਹੋਰ ਉਭਾਰਨ ਵਿਚ ਸਹਾਈ ਹੋ ਸਕਦਾ ਹੈ।

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਜੇ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਵਿਸ਼ਵ ਦੇ ਮਹਾਨ ਖਿਡਾਰੀ ਓਲੰਪਿਕ ਮੈਡਲਾਂ ਦਾ ਬੋਹਲ ਕਾਰਲ ਲੇਵਿਸ

-ਪ੍ਰਿੰ. ਸਰਵਣ ਸਿੰਘ-

ਕਾਰਲ ਲੇਵਿਸ ਵਿਸ਼ਵ ਦਾ ਅਦਭੁੱਤ ਅਥਲੀਟ ਹੈ। ਅਮਰੀਕਾ ਦਾ ਕਾਲਾ ਮੋਤੀ। ਅਨਮੋਲ ਰਤਨ। ਉਸ ਦਾ ਜਨਮ 1 ਜੁਲਾਈ 1961 ਨੂੰ ਬਰਮਿੰਘਮ, ਅਲਬਾਮਾ, ਅਮਰੀਕਾ ਵਿਚ ਹੋਇਆ ਸੀ। ਉਸ ਨੇ ਚਾਰ ਓਲੰਪਕਸ ਵਿੱਚੋਂ ਨੌਂ ਗੋਲਡ ਮੈਡਲ ਜਿੱਤੇ ਤੇ ਇਕ ਸਿਲਵਰ ਮੈਡਲ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ ਵੀ ਦਸ ਮੈਡਲ ਜਿੱਤੇ ਜਿਨ੍ਹਾਂ 'ਚ ਅੱਠ ਗੋਲਡ ਮੈਡਲ ਹਨ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿਚ ਉਹ ਲਗਾਤਾਰ ਲੰਮੀ ਛਾਲ ਦਾ ਓਲੰਪਿਕ ਚੈਂਪੀਅਨ ਬਣਦਾ ਰਿਹਾ। ਜਿਵੇਂ ਉਸ ਤੋਂ ਪਹਿਲਾਂ 1956, 60, 64, 68 ਵਿਚ ਅਮਰੀਕਾ ਦਾ ਹੀ ਡਿਸਕਸ ਥਰੋਅਰ ਅਲ ਓਰਟਰ ਲਗਾਤਾਰ ਓਲੰਪਿਕ ਚੈਂਪੀਅਨ ਬਣਦਾ ਰਿਹਾ ਸੀ।ਕਾਰਲ ਲੇਵਿਸ ਨੇ ਲਗਭਗ ਵੀਹ ਹੱਥ ਲੰਮੀ ਛਾਲ ਲਾਈ। ਚੌਦਾਂ ਹੱਥ ਦੀ ਛਾਲ ਮਾਰਨ ਦਾ ਜ਼ਿਕਰ ਅਸੀਂ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਪੜ੍ਹਦੇ ਆ ਰਹੇ ਹਾਂ:

ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ, ਸਿੰਘਾਂ ਨਾਲ ਸੀ ਉਸਦੀ ਗੈਰ ਸਾਲੀ
ਉਹ ਤਾਂ ਭੱਜ ਕੇ ਲਾਟ ਨੂੰ ਜਾ ਮਿ-ਲਿਆ, ਗੱਲ ਜਾ ਦੱਸੀ ਸਾਰੀ ਭੇਦ ਵਾਲੀ
ਓਥੋਂ ਹਰਨ ਹੋ ਗਿਆ ਹੈ ਖ਼ਾਲਸਾ ਜੀ, ਚੌਦਾਂ ਹੱਥ ਦੀ ਮਾਰ ਕੇ ਜਾਣ ਛਾਲੀ
ਸ਼ਾਹ ਮੁਹੰਮਦਾ ਸਾਂਭ ਲੈ ਸਿਲੇਖਾਨੇ, ਛੱਡ ਗਏ ਨੇ ਸਿੰਘ ਮੈਦਾਨ ਖਾਲੀ...

ਜਦੋਂ ਇਹ ਬੰਦ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਂਦਾ ਤਾਂ ਅਧਿਆਪਕ ਦੱਸਦੇ ਕਿ ਇਕ ਹੱਥ ਦੀ ਛਾਲ ਡੂਢ ਫੁੱਟ ਹੁੰਦੀ ਹੈ। ਆਮ ਬੰਦਾ ਮਸਾਂ ਬਾਰਾਂ ਹੱਥ ਦੀ ਛਾਲ ਮਾਰਦੈ। ਅੰਗਰੇਜ਼ਾਂ ਤੇ ਸਿੰਘਾਂ ਦੀ ਦੂਜੀ ਲੜਾਈ ਵਿਚ ਜਿੱਤ ਰਹੇ ਸਿੰਘ ਫੌਜੀ,ਆਪਣੇ ਕਮਾਂਡਰਾਂ ਦੀ ਗ਼ਦਾਰੀ ਕਾਰਨ ਚੌਦਾਂ ਹੱਥ ਦੀਆਂ ਛਾਲਾਂ ਮਾਰਦੇ ਹਰਨ ਹੋ ਗਏ। ਉਧਰਅੰਗਰੇਜ਼ ਫੌਜੀ ਵੀ ਹਰਨ ਹੋਣ ਨੂੰ ਤਿਆਰ ਖੜ੍ਹੇ ਸਨ।ਪਰ ਪਹਾੜਾ ਸਿੰਘ ਨੇ ਸਿੰਘਾਂ ਦੇ ਹਰਨ ਹੋ ਜਾਣ ਦਾ ਭੇਦਆਪਣੇ ਯਾਰ ਫਰੰਗੀਲਾਟ ਨੂੰ ਦੱਸ ਦਿੱਤਾ ਜਿਸ ਬਦਲੇ ਅੰਗਰੇਜ਼ ਵਾਇਸਰਾਏ ਨੇ ਰਿਆਸਤ ਫਰੀਦਕੋਟ ਪਹਾੜਾ ਸਿੰਘ ਨੂੰ ਇਨਾਮ ਵਜੋਂ ਬਖ਼ਸ਼ ਦਿੱਤੀ। ਪੰਜਾਬੀਆਂ ਨੂੰ ਜਦੋਂ ਵੀ ਮਾਰ ਪਈ ਘਰ ਦੇ ਭੇਤੀਆਂ ਦੀ ਗ਼ਦਾਰੀ ਕਰਕੇ ਪਈ। ਅਕਲ ਨੂੰ ਹੱਥ ਉਹ ਵੇਲਾ ਬੀਤ ਜਾਣ ਪਿੱਛੋਂ ਹੀ ਮਾਰਦੇ ਰਹੇ।

ਪਿਛੇ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ
ਮੁੱਠੀ ਮੀਟੀ ਸੀ ਏਸ ਪੰਜਾਬ ਦੀ ਜੀ, ਏਨ੍ਹਾਂ ਖੋਲ੍ਹ ਦਿੱਤਾ ਸਾਰਾ ਪਾਜ ਯਾਰੋ
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ ਰਾਜ ਨਾ ਹੋਏ ਮੁਹਤਾਜ ਯਾਰੋ...

1968 ਦੀਆਂ ਓਲੰਪਿਕ ਖੇਡਾਂ ਵਿਚ ਅਮਰੀਕਾ ਦੇ ਬੌਬ ਬੀਮਨ ਨੇ 8.90 ਮੀਟਰ ਯਾਨੀ ਵੀਹ ਹੱਥ ਲੰਮੀ ਛਾਲ ਲਾ ਕੇ ਦੁਨੀਆਂ ਦੰਗ ਕਰ ਦਿੱਤੀ ਸੀ। ਉਸ ਛਾਲ ਨੂੰ'ਵੀਹਵੀਂ ਸਦੀ ਦੀ ਇੱਕੀਵੀਂ ਸਦੀ 'ਚ ਛਾਲ' ਕਿਹਾ ਗਿਆ ਸੀ।'ਗੂਬੀ ਛਾਲ'! ਬੌਬ ਬੀਮਨ ਨੂੰ ਖ਼ੁਦ ਸੱਚ ਨਹੀਂ ਸੀ ਆ ਰਿਹਾ। ਏਨੀ ਲੰਮੀ ਛਾਲ ਤਾਂ ਉਸ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ। ਕਾਰਲ ਲੇਵਿਸ ਉਦੋਂ ਸੱਤ ਸਾਲਾਂ ਦਾ ਸੀ। ਉਸ ਦੀ ਮਾਂ ਐਵਲਿਨ ਲੇਵਿਸ ਪੈਨ ਅਮੈਰੀਕਨ ਖੇਡਾਂ-1951 'ਚੋਂ ਹਰਡਲਜ਼ ਦੌੜ ਦੀ ਬਰਾਂਜ਼ ਮੈਡਲਿਸਟ ਸੀ ਤੇ ਪਿਉ ਵਿਲੀਅਮ ਲੇਵਿਸ ਅਥਲੈਟਿਕਸ ਕੋਚ ਸੀ। ਘਰ 'ਚ ਖੇਡਾਂ ਦਾ ਮਾਹੌਲ ਸੀ। ਉਨ੍ਹਾਂ ਨੇ ਘਰ ਮੂਹਰਲੇ ਲਾਅਨ ਵਿਚ 8.90 ਮੀਟਰ ਯਾਨੀ ਸਵਾ 29 ਫੁੱਟ ਥਾਂ ਮਿਣ ਕੇ ਨਿਸ਼ਾਨੀਆਂ ਲਾਈਆਂ ਤਾਂ ਨਹਿਰ ਜਿੰਨੀ ਚੌੜਾਈ ਵੇਖ ਕੇ ਬਾਲਕ ਕਾਰਲ ਹੈਰਾਨ ਹੋਣ ਲੱਗਾ ਕਿ ਇਸ ਧਰਤੀ ਦਾ ਕੋਈ ਬੰਦਾ ਇਕੋ ਛਾਲ 'ਚ ਐਡੀ ਨਹਿਰ ਕਿਵੇਂ ਟੱਪ ਸਕਦੈ!ਨਾਲ ਹੀ ਉਹਦੇ ਮਨ 'ਚ ਖੁਤਖੁਤੀ ਪੈਦਾ ਹੋਈ ਕਿ ਉਹ ਵੀ ਐਨੀ ਲੰਮੀ ਛਾਲ ਲਾਉਣ ਦੀ ਪ੍ਰੈਕਟਿਸ ਕਰੇਗਾ।

ਇਕ ਵਾਰ ਇੰਡੀਅਨਐਪੋਲਿਸ ਵਿਖੇ ਨੈਸ਼ਨਲ ਸਪੋਰਟਸ ਵਿਚ ਕਾਰਲ ਨੇ 30 ਫੁੱਟ 2 ਇੰਚ ਲੰਮੀ ਛਾਲ ਲਾ ਵੀ ਦਿੱਤੀ ਪਰ ਸੂਤ ਭਰ ਦੇ ਮਾਮੂਲੀ ਫਾਊਲ ਹੋ ਜਾਣ ਕਾਰਨ ਸਹੀ ਛਾਲ ਨਹੀਂ ਮੰਨੀ ਗਈ। ਉਸ ਛਾਲ ਨਾਲ ਬੌਬ ਬੀਮਨ ਦਾ ਰਿਕਾਰਡ ਟੁੱਟ ਜਾਣਾ ਸੀ। ਉਹ ਰਿਕਾਰਡ ਫਿਰ ਮਾਈਕ ਪੋਵਲ ਨੇ ਇੱਕੀਵੀਂ ਸਦੀ ਚੜ੍ਹਨ ਤੋਂ ਪਹਿਲਾਂ ਹੀ ਤੋੜ ਦਿੱਤਾ। ਕਾਰਲ ਲਿਊਸ 1979 ਵਿਚ ਵਿਸ਼ਵ ਪੱਧਰ ਦਾ ਅਥਲੀਟ ਬਣ ਗਿਆ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਟੀਮ ਵਿਚ ਚੁਣਿਆ ਵੀ ਗਿਆ ਸੀ ਪਰ ਅਮਰੀਕਾ ਵੱਲੋਂ ਮਾਸਕੋ ਓਲੰਪਿਕਸ ਦਾ ਬਾਈਕਾਟ ਹੋ ਜਾਣ ਕਰਕੇ ਉਹ ਆਪਣਾ ਚੜ੍ਹਦੀ ਜੁਆਨੀ ਦਾ ਜਲਵਾ ਨਾ ਵਿਖਾ ਸਕਿਆ।

1984 ਦੀਆਂ ਓਲੰਪਿਕ ਖੇਡਾਂ ਅਮਰੀਕਾ ਦੇ ਸ਼ਹਿਰ ਲੌਸ ਏਂਜਲਸ ਵਿਚ ਹੋਈਆਂ। ਕਾਰਲ ਲੇਵਿਸ ਉਦੋਂ ਪੂਰੀ ਤਿਆਰੀ 'ਚ ਸੀ।ਉਹਦਾ ਨਿਸ਼ਾਨਾ ਆਲਰਾਊਂਡਰ ਜੈਸੀ ਓਵੇਂਜ਼ ਦੀ ਬਰਾਬਰੀ ਕਰਨਾ ਸੀ। ਜੈਸੀ ਨੇ ਬਰਲਿਨ-1936 ਦੀਆਂ ਓਲੰਪਿਕ ਖੇਡਾਂ 'ਚੋਂ 4 ਗੋਲਡ ਮੈਡਲ ਜਿੱਤ ਕੇ ਦੁਨੀਆ ਦੰਗ ਕਰ ਦਿੱਤੀ ਸੀ। ਜਰਮਨੀ ਦੇ ਡਿਕਟੇਟਰ ਹਿਟਲਰ ਦੀਆਂ ਵੀ ਹਵਾਈਆਂ ਉਡਾ ਦਿੱਤੀਆਂ ਸਨ। ਉਸ ਨੇ 100 ਮੀਟਰ, 200 ਮੀਟਰ ਤੇ 4+400 ਮੀਟਰ ਰਿਲੇਅ ਦੌੜਾਂ ਜਿੱਤਣ ਦੇ ਨਾਲ ਲੰਮੀ ਛਾਲ ਦਾ ਮੁਕਾਬਲਾ ਵੀ ਜਿੱਤਿਆ। ਅਮਰੀਕਾ ਦੀ ਇਕ ਕੰਪਨੀ ਨੇ ਬੜੇ ਵੱਡੇ ਇਨਾਮ ਐਲਾਨੇ ਸਨ ਕਿ ਕਾਰਲ ਲੇਵਿਸ ਜੈਸੀ ਓਵੇਂਜ਼ ਵਾਂਗ ਚਾਰ ਗੋਲਡ ਮੈਡਲ ਜਿੱਤ ਜਾਵੇ ਤਾਂ 50 ਲੱਖ ਡਾਲਰ ਮਿਲਣਗੇ। ਉਸ ਤੋਂ ਆਸ ਸੀ ਕਿ ਉਹ ਬੌਬ ਬੀਮਨ ਦਾ ਲੰਮੀ ਛਾਲ ਦਾ ਓਲੰਪਿਕ ਰਿਕਾਰਡ ਵੀ ਤੋੜ ਸਕਦਾ ਹੈ।

ਇਹੋ ਕਾਰਨ ਸੀ ਕਿ ਲੰਮੀਆਂ ਛਾਲਾਂ ਦਾ ਮੁਕਾਬਲਾ ਵੇਖਣ ਲਈ 90 ਡਾਲਰ ਦੀਆਂ ਮਹਿੰਗੀਆਂ ਟਿਕਟਾਂ ਲੈ ਕੇ 60 ਹਜ਼ਾਰ ਖੇਡ ਪ੍ਰੇਮੀ ਸਟੇਡੀਅਮ 'ਚ ਢੁੱਕੇ ਸਨ। ਉਥੇ ਬੌਬ ਬੀਮਨ ਵੀ ਬੈਠਾ ਸੀ ਕਿ ਵੇਖਦਾਂ ਅੱਜਮੇਰਾ ਰਿਕਾਰਡ ਟੁੱਟਦੈ ਜਾਂ ਨਹੀਂ? ਛਾਲ ਲਾਉਣ ਲਈ ਕਾਰਲ 143 ਫੁੱਟ ਲੰਮੇ ਰਨ ਅੱਪ ਉਤੇ ਜਾ ਖੜ੍ਹਾ ਹੋਇਆ। ਸਟੇਡੀਅਮ ਵਿਚ 60 ਹਜ਼ਾਰ ਤੇ ਟੀਵੀ ਸਕਰੀਨਾਂ ਮੂਹਰੇ ਕਰੋੜਾਂ ਲੋਕਾਂ ਦੀਆਂ ਨਜ਼ਰਾਂ ਕਾਰਲ ਲੇਵਿਸ ਉਤੇ ਲੱਗੀਆਂ ਹੋਈਆਂ ਸਨ। ਉਸ ਨੇ 43 ਕਿਲੋਮੀਟਰ ਦੀ ਸਪੀਡ ਨਾਲ ਰਨ ਅੱਪ 'ਤੇ ਦੌੜਨਾ ਸ਼ੁਰੂ ਕੀਤਾ। ਛਾਲ-ਫੱਟੀ ਤੋਂ ਚੁੰਗੀ ਭਰੀ ਤੇ 8.54 ਮੀਟਰ ਦੂਰ ਜਾ ਡਿੱਗਾ। ਬੇਸ਼ਕ ਇਹ ਛਾਲ ਉਹਦੀ ਆਸ ਤੋਂ ਘੱਟ ਸੀ ਪਰ ਕੋਈ ਹੋਰ ਅਥਲੀਟ ਉਹਦੇ ਨੇੜੇ ਨਾ ਢੁੱਕਾ। ਉਸ ਦੀ ਦੂਜੀ ਛਾਲ ਫਾਊਲ ਕਰਾਰ ਦੇ ਦਿੱਤੀ ਗਈ। ਰਹਿੰਦੀਆਂ ਚਾਰ ਛਾਲਾਂ ਉਸ ਨੇ ਲਾਈਆਂ ਹੀ ਨਾ। ਦਰਸ਼ਕਾਂ ਨੇ ਉਸ ਦੇ ਇਸ ਫੈਸਲੇ ਉਤੇ ਹਾਤ ਹੂਤ ਕੀਤੀ ਤੇ ਆਖਿਆ ਕਿ ਕਾਰਲ ਨੇ ਸਾਡੀਆਂ ਮਹਿੰਗੀਆਂ ਟਿਕਟਾਂ ਦਾ ਮੁੱਲ ਨਹੀਂ ਮੋੜਿਆ।

ਪਰ ਕਾਰਲ ਦਾ ਇਰਾਦਾ ਕੁਝ ਹੋਰ ਸੀ। ਉਹ ਓਲੰਪਿਕ ਖੇਡਾਂ 'ਚੋਂ ਸੋਨੇ ਦੇ ਚਾਰ ਤਗ਼ਮੇ ਜਿੱਤ ਕੇ ਜੈਸੀ ਓਵੇਂਜ਼ ਦਾ ਕਾਰਨਾਮਾ ਦੁਹਰਾਉਣਾ ਚਾਹੁੰਦਾ ਸੀ। 100 ਮੀਟਰ ਦੌੜ ਤੇ ਲੰਮੀ ਛਾਲ ਦੇਦੋ ਸੋਨ ਤਗ਼ਮੇ ਉਹ ਜਿੱਤ ਚੁੱਕਾ ਸੀ। 200 ਮੀਟਰ ਤੇ 4+100 ਮੀਟਰ ਰਿਲੇਅ ਦੌੜ ਦੇ ਦੋ ਸੋਨ ਤਗ਼ਮੇ ਜਿੱਤਣੇ ਬਾਕੀ ਸਨ। ਉਹ ਨਹੀਂ ਸੀ ਚਾਹੁੰਦਾ ਕਿ ਬੌਬ ਬੀਮਨ ਦਾ ਰਿਕਾਰਡ ਤੋੜਨ ਲਈ ਲੋੜੋਂ ਵੱਧ ਸਿਰਤੋੜ ਯਤਨ ਕਰ ਕੇ ਦੂਜੇ ਦੋ ਸੋਨ ਤਗ਼ਮੇ ਖ਼ਤਰੇ ਵਿਚ ਪਾ ਲਵੇ। ਇੰਜ ਉਸ ਨੂੰ ਕੰਪਨੀ ਤੋਂ ਮਿਲਣ ਵਾਲੇ 50 ਲੱਖ ਡਾਲਰ ਡੁੱਬ ਸਕਦੇ ਸਨ। ਕਾਰਲ ਲੇਵਿਸ ਨੇ ਇਕੋ ਓਲੰਪਿਕਸ 'ਚੋਂ 4 ਗੋਲਡ ਮੈਡਲ ਜਿੱਤ ਲਏ ਜਿਸ ਨਾਲ ਜੈਸੀ ਓਵੇਂਜ਼ ਦਾ ਸਿਰਜਿਆ ਇਤਿਹਾਸ ਮੁੜ ਦੁਹਰਾ ਦਿੱਤਾ। ਉਹ ਮਹਿੰਗੀਆਂ ਟਿਕਟਾਂ ਲੈ ਕੇ ਉਹਦੀਆਂ ਛੇ ਲੰਮੀਆਂ ਵੇਖਣ ਆਏ ਦਰਸ਼ਕਾਂ ਨੂੰ ਕਹਿਣ ਜੋਗਾ ਹੋ ਗਿਆ, "ਮੈਂ ਚਾਰ ਛਾਲਾਂ ਛੱਡ ਕੇ ਜਿਹੜੀ ਤੁਹਾਡੀ ਨਰਾਜ਼ਗੀ ਝੱਲੀ ਸੀ ਲਓ ਉਹ ਚਾਰ ਗੋਲਡ ਮੈਡਲ ਹਾਸਲ ਕਰ ਕੇ ਮੋੜ ਦਿੱਤੀ ਹੈ!"

ਕਾਰਲ ਦੇ ਮੁੱਢਲੇ ਜੀਵਨ 'ਤੇ ਝਾਤ ਮਾਰੀਏ ਤਾਂ ਪਹਿਲਾਂ ਪਹਿਲ ਉਹ ਖੇਡ ਮੁਕਾਬਲਿਆਂ ਵਿਚ ਅਕਸਰ ਹੀ ਹਾਰ ਜਾਇਆ ਕਰਦਾ ਸੀ। ਰਿਲੇਅ ਦੌੜਾਂ ਵੇਲੇ ਜਿਸ ਟੀਮ 'ਚ ਉਸ ਨੂੰ ਪਾਇਆ ਜਾਂਦਾ ਉਹ ਹਾਰ ਜਾਂਦੀ। ਹਾਰ ਦਾ ਕਾਰਨ ਬਹੁਤੀ ਵਾਰ ਉਹੀ ਬਣਦਾ। ਉਹ ਮਾਯੂਸ ਹੁੰਦਾ ਤੇ ਰੋਣ ਲੱਗਦਾ। ਇਕ ਦਿਨ ਹਾਰ ਜਾਣ ਪਿੱਛੋਂ ਉਹ ਆਪਣੇ ਕਮਰੇ ਵਿਚ ਰੋਣ ਕੁਰਲਾਉਣ ਲੱਗਾ ਕਿ ਮੈਥੋਂ ਵਾਰ ਵਾਰ ਦੀ ਹਾਰ ਹੋਰ ਜਰੀ ਨਹੀਂ ਜਾਂਦੀ। ਹੁਣ ਮੈਂ ਹੋਰ ਨਹੀਂ ਦੌੜਨਾ। ਉਸ ਸਮੇਂ ਉਸ ਦੇ ਕੋਚ ਪਿਤਾ ਨੇ ਕਿਹਾ, "ਪੁੱਤਰਾ, ਜੇ ਤੂੰ ਹਾਰਨ ਤੋਂ ਏਨਾ ਹੀ ਤੰਗ ਆ ਗਿਐਂ ਤਾਂ ਜਿੱਤਣਾ ਸਿੱਖ! ਜਿੱਤਣ ਲਈ ਹੋਰ ਮਿਹਨਤ ਕਰ। ਮਿਹਨਤ ਕਦੇ ਅਜਾਈਂ ਨਹੀਂ ਜਾਂਦੀ।"


ਜਿੱਤਣਾ ਸਿੱਖਣ ਲਈ ਫਿਰ ਉਸ ਨੇ ਦਿਹਾੜੀ 'ਚ ਅੱਠ-ਅੱਠ ਘੰਟੇ ਮਿਹਨਤ ਕੀਤੀ ਜਿਸ ਨਾਲ ਜਿੱਤਾਂ ਦਾ ਦੌਰ ਸ਼ੁਰੂ ਹੋ ਗਿਆ। ਉਹਦਾ ਜਨਮ ਬੇਸ਼ਕ ਅਲਬਾਮਾ ਹੋਇਆ ਸੀ ਪਰ ਪਾਲਣਾ ਵਲਿੰਗਬਾਰੋ, ਨਿਊ ਜਰਸੀ ਵਿਖੇ ਹੋਈ। ਉਹਦਾ ਵੱਡਾ ਭਰਾ ਸੌਕਰ ਦਾ ਤਕੜਾ ਖਿਡਾਰੀ ਸੀ ਤੇ ਛੋਟੀ ਭੈਣ ਕਰੋਲ ਵੀ ਛਾਲਾਂ ਲਾਉਣ ਲੱਗ ਪਈ ਸੀ। ਮਾਂ ਪਿਉ ਦੀ ਕੋਚਿੰਗ ਬਾਅਦ ਕਾਰਲ ਨੂੰ ਲੰਮੀ ਛਾਲ ਦੇ ਕੋਚ ਕਲਾਈਵ ਡੰਕਨ ਨੇ ਸੰਭਾਲਿਆ। ਡੰਕਨ ਨੇ ਭਵਿੱਖਬਾਣੀ ਕੀਤੀ ਕਿ ਇਹੋ ਮੁੰਡਾ ਹੈ ਜੀਹਦੇ ਅੰਦਰ ਤੀਹ ਫੁੱਟ ਲੰਮੀ ਛਾਲ ਛੁਪੀ ਪਈ ਹੈ ਜੋ ਬੌਬ ਬੀਮਨ ਦਾ ਰਿਕਾਰਡ ਤੋੜੇਗਾ। ਡੰਕਨ ਦੀ ਇਸ ਭਵਿੱਖਬਾਣੀ 'ਤੇ ਉਹਦੇ ਸਮਕਾਲੀ ਕੋਚ ਹੱਸਣ ਲੱਗੇ। ਪਰ ਡੰਕਨ ਤੇ ਕਾਰਲ ਲੇਵਿਸ ਆਪਣੇ ਨਿਸ਼ਾਨੇ ਵੱਲ ਵਧੀ ਗਏ। 1979 ਵਿਚ ਉਹ ਰਿਕਾਡਤੋੜ ਲੰਮੀ ਛਾਲ ਨਾਲ ਹਿਊਸਟਨ ਯੂਨੀਵਰਸਟੀਦਾ ਚੈਂਪੀਅਨ ਬਣਿਆ। 1980 ਵਿਚ ਅਮਰੀਕਾ ਦਾ ਨੈਸ਼ਨਲ ਚੈਂਪੀਅਨ ਅਤੇ 1981 ਵਿਚ ਰੋਮ ਦੇ ਵਿਸ਼ਵ ਕੱਪ ਅਥਲੈਟਿਕਸ ਮੁਕਾਬਲਿਆਂ ਸਮੇਂ ਉਹ ਲੰਮੀ ਛਾਲ ਦਾ ਵਿਸ਼ਵ ਚੈਂਪੀਅਨ ਬਣ ਗਿਆ! ਉਦੋਂ ਉਹ ਵੀਹ ਸਾਲਾਂ ਦਾ ਹੀ ਹੋਇਆ ਸੀ।

1983 ਦਾ ਸਾਲ ਕਾਰਲ ਲੇਵਿਸ ਲਈ ਵੱਡੀਆਂ ਜਿੱਤਾਂ ਵਾਲਾ ਸਾਲ ਰਿਹਾ। ਹੈਲਸਿੰਕੀ ਦੀ ਪਹਿਲੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਜਿਨ੍ਹਾਂ ਨਾਲ ਕੁਲ ਦੁਨੀਆ 'ਚ ਉਹਦੀਆਂ ਧੁੰਮਾਂ ਪੈ ਗਈਆਂ। ਅਖ਼ਬਾਰਾਂ ਨੇ ਉਹਦੇ ਬਾਰੇ 'ਸੁਪਰ ਅਥਲੀਟ' ਹੋਣ ਦੀਆਂ ਖ਼ਬਰਾਂ ਲਾਈਆਂ। 1984 ਦੀਆਂ ਓਲੰਪਿਕ ਖੇਡਾਂ ਤਾਂ ਕਹੀਆਂ ਹੀ ਕਾਰਲ ਲੇਵਿਸ ਦੀਆਂ ਖੇਡਾਂ ਜਾਂਦੀਆਂ ਹਨ। ਲੌਸ ਏਂਜਲਸ ਵਿਚ ਉਸ ਨੇ 100 ਮੀਟਰ ਦੀ ਦੌੜ 9.99 ਸਕਿੰਟ, 200 ਮੀਟਰ 19.80 ਸਕਿੰਟ ਤੇ 4+100 ਮੀਟਰ ਰਿਲੇਅ ਦੌੜ 37.83 ਸਕਿੰਟ ਵਿਚ ਲਾ ਕੇ ਟਰੈਕ 'ਚ ਹਨ੍ਹੇਰੀ ਲਿਆਂਦੀ ਰੱਖੀ ਅਤੇ ਲੰਮੀ ਛਾਲ 8.54 ਮੀਟਰ ਲਾ ਕੇ ਚਾਰ ਗੋਲਡ ਮੈਡਲ ਜਿੱਤੇ। ਇਨ੍ਹਾਂ ਚਾਰ ਈਵੈਂਟਸ ਦੇ ਜਿੱਤਣ ਦਾ ਕੁਲ ਸਮਾਂ ਇਕ ਮਿੰਟ ਤੋਂ ਘੱਟ ਬਣਦਾ ਹੈ ਪਰ ਉਹਦੇ ਲਈ ਮਿਹਨਤ ਦਸ ਸਾਲਾਂ ਤੋਂ ਵੀ ਵੱਧ ਕਰਨੀ ਪਈ ਸੀ!

ਵਰ੍ਹਿਆਂ-ਬੱਧੀ ਕੀਤੀ ਮਿਹਨਤ ਨਾਲ ਉਹ 1979 ਤੋਂ 96 ਤਕ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ, ਪੈਨ ਅਮਰੀਕਨ ਖੇਡਾਂ ਤੇ ਗੁਡਵਿੱਲ ਗੇਮਜ਼ 'ਚੋਂ ਮੈਡਲ ਜਿੱਤਦਾ ਰਿਹਾ। ਉਸ ਨੇ 1984 ਦੀਆਂ ਓਲੰਪਿਕ ਖੇਡਾਂ ਪਿੱਛੋਂ 88 ਦੀਆਂ ਓਲੰਪਿਕ ਖੇਡਾਂ ਵਿਚੋਂ ਤਿੰਨ, 92 ਦੀਆਂ ਖੇਡਾਂ 'ਚੋਂ ਦੋ ਤੇ 96 ਦੀਆਂ ਓਲੰਪਿਕ ਖੇਡਾਂ 'ਚੋਂ ਇਕ, ਕੁਲ ਮਿਲਾ ਕੇ ਨੌਂ ਗੋਲਡ ਮੈਡਲ ਜਿੱਤੇ ਤੇ ਇਕ ਚਾਂਦੀ ਦਾ ਮੈਡਲ। ਉਸ ਦਾ ਸਭ ਤੋਂ ਵੱਧ ਫਸਵਾਂ ਮੁਕਾਬਲਾ ਟੋਕੀਓ ਵਿਚ 30 ਅਗੱਸਤ 1991 ਨੂੰ ਮਾਈਕ ਪੋਵਲ ਨਾਲ ਹੋਇਆ ਜਿਸ ਵਿਚ ਦੋਹਾਂ ਨੇ ਹੀ ਲੰਮੀ ਛਾਲ ਲਾਉਂਦਿਆਂ ਬੌਬ ਬੀਮਨ ਦਾ ਵਿਸ਼ਵ ਰਿਕਾਰਡ ਤੋੜਿਆ। ਉਥੇ ਕਾਰਲ ਲੇਵਿਸ ਨੇ 8.91 ਮੀਟਰ ਤੇ ਪੋਵਲ ਨੇ 8-95 ਮੀਟਰ ਲੰਮੀ ਛਾਲ ਲਾਈ। ਉਹ ਮੁਕਾਬਲਾ ਅੱਜ ਵੀ ਯੂ ਟਿਊਬ ਤੋਂ ਵੇਖਿਆ ਜਾ ਸਕਦੈ। ਲੰਮੀ ਛਾਲ ਦੇ ਮੁਕਾਬਲਿਆਂ 'ਚ ਇਹੋ ਜਿਹਾ ਕਾਂਟੇਦਾਰ ਨਾਟਕੀ ਮੁਕਾਬਲਾ ਸ਼ਾਇਦ ਹੀ ਕਿਸੇ ਹੋਰ ਥਾਂ ਹੋਇਆ ਹੋਵੇ।

ਕਾਰਲ ਲੇਵਿਸ ਵਿਆਹਿਆ ਵਰਿਆ ਹੈ। ਉਸ ਦੀ ਪਤਨੀ ਦਾ ਨਾਂ ਮਾਰੀਆ ਲੇਵਿਸ ਹੈ ਤੇ ਪੁੱਤਰ ਦਾ ਬੈਕਿਮ ਲੇਵਿਸ। ਕਾਰਲ 1997 ਵਿਚ ਖੇਡਾਂ ਤੋਂ ਰਿਟਾਇਰ ਹੋ ਕੇ ਟੀਵੀ ਤੇ ਫਿਲਮਾਂ 'ਚ ਕੰਮ ਕਰਨ ਲੱਗ ਪਿਆ ਸੀ। ਉਸ ਨੇ ਲੋਕਾਂ ਨੂੰ ਫਿੱਟ ਰੱਖਣ ਲਈ 'ਕਾਰਲ ਲੇਵਿਸ ਫਾਊਂਡੇਸ਼ਨ ਫਾਰ ਫਿੱਟਨੈੱਸ' ਬਣਾਈ ਹੋਈ ਹੈ। ਜਦੋਂ ਮਿਲਖਾ ਸਿੰਘ ਬਾਰੇ ਫਿਲਮ 'ਭਾਗ ਮਿਲਖਾ ਭਾਗ' ਬਣੀ ਸੀ ਤਾਂ ਉਸ ਨੇ ਫਿਲਮ ਵੇਖ ਕੇ ਮਿਲਖਾ ਸਿੰਘ ਦੀ ਮਿਹਨਤ ਤੇ ਸਿਰੜ ਨੂੰ ਸਲਾਮ ਕਰਦਿਆਂ ਮਿਲਖਾ ਸਿੰਘ ਨੂੰ ਰੱਜ ਕੇ ਸਲਾਹਿਆ ਸੀ। ਮਿਲਖਾ ਸਿੰਘ ਨੇ ਵੀ ਕਾਰਲ ਲੇਵਿਸ ਦਾ ਸ਼ੁਕਰੀਆ ਅਦਾ ਕੀਤਾ ਸੀ। ਕਾਰਲ ਲੇਵਿਸ ਨੂੰ ਅਨੇਕਾਂ ਮਾਣ ਸਨਮਾਨ ਮਿਲੇ ਹਨ ਜਿਨ੍ਹਾਂ ਵਿਚ 'ਸਪੋਰਟਸਮੈਨ ਆਫ਼ ਦਾ ਸੈਂਚਰੀ' ਤੋਂਲੈ ਕੇ ਅਨੇਕਾਂ 'ਹਾਲ ਆਫ਼ ਫੇਮ' ਵਜੋਂ ਦਰਜ ਹਨ।ਉਹਦੀਆਂ ਦੌੜਦੇ ਤੇ ਛਾਲਾਂ ਲਾਉਂਦੇ ਦੀਆਂ ਡਾਕ ਟਿਕਟਾਂ ਵੀ ਜਾਰੀ ਹੋਈਆਂ। ਉਸ ਨੇ ਡੈਮੋਕਰੈਟ ਉਮੀਦਵਾਰ ਵਜੋਂ ਚੋਣ ਲੜਨ ਦੀ ਵੀ ਤਿਆਰੀ ਕੀਤੀ ਸੀ ਪਰ ਕਾਨੂੰਨੀ ਅੜਿੱਚਣਾ ਕਾਰਨ ਲੜ ਨਾ ਸਕਿਆ।

ਕਾਰਲ ਲੇਵਿਸ ਦਾ ਕੱਦ 6 ਫੁੱਟ 2 ਇੰਚ ਹੈ ਅਤੇ ਭਾਰ 175 ਪੌਂਡ। ਉਹਦੇ ਮੋਢੇ ਚੌੜੇ ਹਨ ਤੇ ਲੱਤਾਂ ਲੰਮੀਆਂ। ਡੋਲ੍ਹਿਆਂ ਤੇ ਪੱਟਾਂ ਦੇ ਪੱਠੇ ਗੁੰਦਵੇਂ ਹਨ। ਕਲੋ ਮੁਸ਼ਕੀ ਰੰਗ 'ਚੋਂ ਜਦੋਂ ਉਹ ਦੁੱਧ ਚਿੱਟੇ ਦੰਦਾਂ ਨਾਲ ਹੱਸਦਾ ਹੈ ਤਾਂ ਜਿਵੇਂ ਹਨ੍ਹੇਰੇ 'ਚ ਬੈਟਰੀ ਜਗੀ ਹੋਵੇ! ਜਿਥੇ ਉਸ ਨੂੰ ਤਕੜੇ ਤੋਂ ਤਕੜਾ ਅਥਲੀਟ ਬਣਨ ਦਾ ਚਾਅ ਸੀ ਉਥੇ ਬਣ ਠਣ ਕੇ ਰਹਿਣ ਦਾ ਵੀ ਸੌਂਕ ਸੀ। ਉਹਦੇ ਬੈਗ ਵਿਚ ਟਰੈਕ ਸੂਟ ਤੇ ਦੌੜਨ ਵਾਲੇ ਬੂਟਾਂ ਤੋਂ ਇਲਾਵਾ ਸੁਰਮਾ, ਲਿਪ-ਸਟਿਕ ਤੇ ਪਾਊਡਰ ਬਗ਼ੈਰਾ ਵੀ ਹੁੰਦਾ ਸੀ। ਦੌੜ ਲਾਉਣ ਤੋ ਕੁਝ ਹੀ ਪਲ ਪਿੱਛੋਂ ਉਹ ਚਿਹਰੇ 'ਤੇ ਪਾਊਡਰ ਭੁਕਦਾ ਤੇ ਬੁੱਲ੍ਹਾਂ'ਤੇ ਲਿਪ-ਸਟਿਕ ਘਸਾਉਂਦਾ। ਸੁਰਮਾ ਤਾਂ ਖ਼ੈਰ ਉਹਦੇ ਪਹਿਲਾਂ ਹੀ ਪਾਇਆ ਹੁੰਦਾ ਸੀ। ਟਰੈਕ ਤੋਂ ਬਾਹਰ ਉਹ ਛਾਪਾਂ ਛੱਲਿਆਂ ਤੇ ਜੰਜ਼ੀਰੀਆਂ ਨਾਲ ਹੋਰ ਵੀ ਸਜਦਾ ਸੀ। ਉਸ ਦਾ ਕਹਿਣਾ ਸੀ, "ਪਤਾ ਨਹੀਂ ਕਿਹੜੇ ਵੇਲੇ ਟੀਵੀ ਕੈਮਰਿਆਂ ਵਾਲੇ ਤਸਵੀਰਾਂ ਖਿੱਚਣ ਲੱਗ ਪੈਣ। ਮੈਂ ਚਾਹੁੰਨਾਂ, ਮੈਂ ਨਿੱਖਰੇ ਰੂਪ ਵਿਚ ਹੀ ਲੋਕਾਂ ਨੂੰ ਦਿਸਾਂ।"



ਸਾਂਵਲੇ ਰੰਗ ਦਾ ਆਪਣਾ ਸੁਹ-ੱਪਣ ਹੁੰਦਾ ਹੈ। ਸਾਂਵਲਿਆਂ 'ਚ ਕਾਰਲ ਲੇਵਿਸ ਬਹੁਤ ਸੋਹਣਾ ਦਿਸਦਾ ਹੈ। ਉਹਦੇ ਦੰਦ ਇਕਸਾਰ ਹਨ, ਕੰਨ ਛੋਟੇ ਅਤੇ ਸਿਰ ਦੇ ਵਾਲ ਨਿੱਕੇ ਤੇ ਸੰਘਣੇ। ਧੌਣ ਮੋਟੀ ਤੇ ਹੱਥ ਪੈਰ ਚੌੜੇ ਚੱਕਲ਼ੇ। ਪਾਊਡਰ ਤੇ ਕਰੀਮਾਂ ਲਾਉਣ ਨਾਲ ਉਹਦਾਸਾਂਵਲਾ ਚਿਹਰਾ ਲਿਸ਼ਕਾਂ ਮਾਰਦਾ ਰਹਿੰਦੈ। ਜੁਆਨੀ 'ਚ ਉਹ ਕਹਿੰਦਾ ਰਿਹੈ, "ਮੈਂ ਕਿਹੜਾ ਮੁਹੰਮਦ ਅਲੀ ਨਾਲੋਂ ਘੱਟ ਸੋਹਣਾ ਲੱਗਦਾਂ?" ਉਹਦਾ ਵਜੂਦ ਸੱਚਮੁੱਚ ਹੀ ਕਿਸੇ ਕਲਾਕਾਰ ਦੀ ਸਿਰਜੀ ਸੁੰਦਰ ਕਲਾਕ੍ਰਿਤ ਵਰਗਾ ਹੈ। ਕਾਰਲ ਲੇਵਿਸ, ਕਾਰਲ ਲੇਵਿਸ ਹੀ ਹੈ, ਅਜਿਹੇ ਖਿਡਾਰੀ ਨਿੱਤ ਨਿੱਤ ਨਹੀਂ ਜੰਮਦੇ!

principalsarwansingh@gmail.com


VENUE
HEART LAKE CONVERSATION PARK
SITE - LAKEMOUNT 4
Address: 10818 Heart Lake Rd, Brampton, ON L6Z 0B3



Samrai Picnic
AUGUST 6, 2023

ਪਿੰਡ ਸਮਰਾਏ ਦੇ ਵਾਸੀਆਂ ਵਲੋਂ 6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ **06** ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼ੂਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਨਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹੀਂਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੇ।





Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

URGENTLY NEED NEW LISTINGS IN BRAMPTON/CALEDON

visit: www.teamjagaujla.com

ADVERTISEMENT GUARANTEED TILL SOLD

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**SHELBURNE** (Simon St /Hwy 89)

ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੌਂ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)

ਐਂਡ ਯੁਨਿਟ ਕਾਨ੍ਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)

ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)

ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017